Roll No. : ......................................

Total No. of Questions : **12** ] [ Total No. of Printed Pages : **4**

# A–322

## B.A. (Part-III) Examination, 2023

## PUNJABI

Paper - II

*Time : 3 Hours* ] [ *Maximum Marks : 100*

**Section–A** **(Marks : 2 × 10 = 20)**

***Note*** :– Answer all *ten* questions (Answer limit **50** words). Each question carries **2** marks.

**(खण्ड–अ)** **(अंक : 2 × 10 = 20)**

**नोट** :– सभी **दस** प्रश्नों के उत्तर दीजिए (उत्तर-सीमा **50** शब्द)। प्रत्येक प्रश्न **2** अंक का है।

**Section–B** **(Marks : 8 × 5 = 40)**

***Note*** :– Answer any *five* questions out of seven (Answer limit **200** words). Each question carries **8** marks.

**(खण्ड–ब)** **(अंक : 8 × 5 = 40)**

**नोट** :– सात में से किन्हीं **पाँच** प्रश्नों के उत्तर दीजिए (उत्तर-सीमा **200** शब्द)। प्रत्येक प्रश्न **8** अंक का है।

**Section–C** **(Marks : 20 × 2 = 40)**

***Note*** :– Answer any *two* questions out of four (Answer limit **500** words). Each question carries **20** marks.

**(खण्ड–स)** **(अंक : 20 × 2 = 40)**

**नोट** :– चार में से किन्हीं **दो** प्रश्नों के उत्तर दीजिए (उत्तर-सीमा **500** शब्द)। प्रत्येक प्रश्न **20** अंक का है।

## ਭਾਗ–ੳ

1. ਹੇਠ ਲਿਖੇ ਸਾਰੇ ਸੁਆਲਾ ਦੇ ਜੁਆਬ ਦਿਉ। ਹਰ ਸੁਆਲ ਦਾ ਉੱਤਰ 50 ਸ਼ਬਦਾਂ ਤੋ ਜਿਆਦਾ ਨਾ ਹੋਵੇ ਹਰ ਸੁਆਲ ਦੇ ਅੰਕ 2 ਹਨ।
   (ੳ) ਆਧੁਨਿਕ ਪੰਜਾਬੀ ਕਵਿਤਾ ਦਾ ਮੋਢੀ ਕਿਸਨੂੰ ਕਿਹਾ ਗਿਆ ਹੈ ?
   (ਅ) ਯਥਾਰਥਵਾਦ ਨਾਲ ਸੰਬੰਧਿਤ ਦੋ ਕਵੀਆਂ ਦੇ ਨਾਂ ਲਿਖੋ ?
   (ੲ) ਭਾਈ ਵੀਰ ਸਿੰਘ ਨੂੰ ਸਾਹਿਤਿਕ ਅਕਾਦਮੀ ਅਵਾਰਡ ਕਿਸ ਰਚਨਾ ਤੇ ਦਿੱਤਾ ਗਿਆ ?
   (ਸ) ਸਫਰਨਾਮਾ ਕੀ ਹੁੰਦਾ ਹੈ ?
   (ਹ) ਨਿਬੰਧ ਦੀ ਪਰਿਭਾਸ਼ਾ ਲਿਖੋ ?
   (ਕ) ਸ਼ਿਵ ਕੁਮਾਰ ਬਟਾਲਵੀ ਦੀਆਂ ਰਚਨਾਵਾਂ ਦੇ ਨਾਂ ਲਿਖੋ ?
   (ਖ) ਖੁਲੀ ਕਵਿਤਾ ਕਿਸ ਨੂੰ ਕਿਹਾ ਜਾਂਦਾ ਹੈ ?
   (ਗ) ਗਜਲ ਤੇ ਰੁਬਾਈ ਵਿਚ ਕੀ ਅੰਤਰ ਹੈ ?
   (ਘ) ਪੰਜਾਬੀ ਦੇ ਪਹਿਲੇ ਨਾਵਲਕਾਰ ਤੇ ਨਾਵਲ ਦਾ ਨਾਂ ਦਸੋ ?
   (ਙ) ਆਧੁਨਿਕ ਪੰਜਾਬੀ ਨਾਟਕ ਦਾ ਪਿਤਾਮਾ ਕਿਸ ਨੂੰ ਆਖਿਆ ਜਾਂਦਾ ਹੈ ?

10×2=20

## ਭਾਗ–ਅ

**ਨੋਟ :** ਹੇਠ ਲਿਖੇ ਸੁਆਲਾਂ ਵਿੱਚੋਂ ਕਿਸੇ ਪੰਜ ਦੇ ਉੱਤਰ ਦਿਉ। ਹਰੇਕ ਸੁਆਲ ਦੇ 8 ਅੰਕ ਹਨ।

2. ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਉ।

   ਬਿਨਾ ਮਨ ਦੀ ਅਰੋਗਤਾ ਦੇ ਸਰੀਰ ਅਰੋਗ ਨਹੀ ਹੋ ਸਕਦਾ। ਇਹ ਭੇਦ ਬਹੁਤ ਘੱਟ ਲੋਕ ਸਮਝਦੇ ਹਨ। ਜਿਸ ਮਨ ਵਿਚ ਸਦਾ ਈਰਥਾ ਦੀ ਅੱਗ ਬਲਦੀ ਰਹੇ, ਸਦਾ ਵੈਰ ਪਰਿਸੋਧ ਅਤੇ ਕਰੋਧ ਦਾ ਭਾਬੜ ਮਚਿਆ ਰਹੇ ਉਹ ਸਰੀਰ ਕਿਸ ਤਰ੍ਹਾਂ ਅਰੋਗ ਰਹਿ ਸਕਦਾ ਹੈ ? ਹੁਣ ਤਾਂ ਪਛਮੀ ਡਾਕਟਰ ਵੀ ਇਹ ਗੱਲ ਮਨ ਗਏ ਹਨ ਕਿ ਜੇ ਬੀਮਾਰ ਨੂੰ ਖੁਸ਼ ਰੱਖਿਆ ਜਾਵੇ ਤਾਂ ਉਹ ਛੇਤੀ ਅਰੋਗ ਹੋ ਜਾਂਦਾ ਹੈ ਚਿੰਤਾ ਮਨ ਦਾ ਵਡਾ ਰੋਗ

ਹੈ। ਇਕ ਮਹਾਤਾਮਾ ਨੇ ਕਿਹਾ ਹੈ ਕਿ ਚਿੰਤਾ ਚਿਖਾ ਦੇ ਸਮਾਨ ਹੈ। ਸਗੋ ਉਸ ਤੋ ਵਧੀਕ ਹੈ। ਚਿਖਾ ਤਾ ਇਕੋ ਦਿਨ ਸਾੜ ਕੇ ਸਰੀਰ ਨੂੰ ਸਵਾਰ ਕਰ ਦਿੰਦੀ ਹੈ ਪਰ ਚਿੰਤਾ ਹਮੇਸ਼ਾ ਮਾੜਦੀ ਰਹਿੰਦੀ ਹੈ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਜੋ ਰੱਬ ਦੇ ਰਾਹ ਤੇ ਚੱਲਦਾ ਹੈ ਉਸਦੀ ਚਿੰਤਾ ਮੁਕ ਜਾਂਦੀ ਹੈ ਅਤੇ ਅਹੰਕਾਰ ਮਿੱਟ ਜਾਂਦਾ ਹੈ ਧਾਰਮਿਕ ਜੀਵਨ ਦਾ ਜੋ ਇਹ ਫਲ ਪ੍ਰਾਪਤ ਨਹੀ ਹੋਇਆ ਤਾ ਅਸੀ ਅਸਲੀ ਧਰਮ ਨੂੰ ਸਮਝਿਆ ਨਹੀ ਧਰਮ ਦੀ ਸਾਰੀ ਰਹਿਤ ਇੰਨ੍ਹਾ ਮਾਨਸਿਕ ਰੋਗਾ ਨੂੰ ਨਸ਼ਟ ਕਰਨ ਲਈ ਹੈ ਬੇਫਿਕਰ ਮਨ ਸਵਰਗ ਦਾ ਰੁਟਾ ਹੈ ਜੋ ਮਨ ਅਰੋਗ ਹੋ ਜਾਵੇ ਤਾ ਸਰੀਰ ਸੁੱਤੇ ਹੀ ਅਰੋਗ ਰਹਿੰਦਾ ਹੈ ਦਸਮ ਪਾਤਸ਼ਾਹ ਨੇ ਫਰਮਾਇਆ ਹੈ ਸਦਾ ਰਹੇ ਕੰਚਨ ਸੀ ਕਾਇਆ ਉਹਨਾ ਦੀ ਜਿਨਾ ਨੇ ਮਨ ਅਰੋਗ ਕਰ ਲਿਆ। 8

3. ਹੇਠ ਲਿਖੇ ਮੁਹਾਵਰਿਆ ਦੇ ਅਰਥ ਦਸਦੇ ਹੋਏ ਇਨਾ ਨੂੰ ਵਾਕਾਂ ਵਿਚ ਵਰਤੋ :

(ੳ) ਆਵਾ ਉਤ ਜਾਣਾ

(ਅ) ਸੁਤੀ ਕਲਾ ਜਗਾਉਣੀ

(ੲ) ਹਵਾਈ ਕਿਲੇ ਉਮਾਰਣਾ

(ਸ) ਖਾਨਿਓ ਜਾਣਾ

(ਹ) ਖਿਆਲੀ ਪੁਲਾਉ ਪਕਾਉਣੇ

(ਕ) ਛਾਈ ਮਾਈ ਹੋਣਾ

(ਖ) ਪੈਰ ਧੋ-ਧੋ ਕੇ ਪੀਣਾ

(ਗ) ਲੰਮੀਆ ਤਾਣ ਕੇ ਸੋਨਾ 8

4. ਹੇਠ ਲਿਖੇ ਅਖਾਣਾ ਦੇ ਅਰਥ ਦਸ ਕੇ ਉਨਾਂ ਨੂੰ ਵਾਕਾਂ ਵਿਚ ਵਰਤੋ :

(ੳ) ਉਲਟੀ ਵਾੜ ਖੇਤ ਨੂੰ ਖਾਏ

(ਅ) ਆਪ ਕਾਜ ਮਹਾ ਕਾਜ

(ੲ) ਕੋਲਿਆ ਦੀ ਦਲਾਲੀ ਵਿਚ ਮੂੰਹ ਕਾਲਾ

(ਸ) ਖੇਤੀ ਖਸਮਾ ਸੇਤੀ

(ਹ) ਲਿਖੇ ਮੂਸਾ ਪੜੇ ਖੁਦਾ

(ਕ) ਗੌ ਭੁਨਾਵੇ ਜੌ

(ਖ) ਜਾਂਦੇ ਚੋਰ ਦੀ ਲੰਗੋਟੀ ਹੀ ਸਹੀ

(ਗ) ਆਪ ਕੁਚੱਜੀ ਵਿਰੜੇ ਨੂੰ ਦੋਸ਼ 8

5. ਖੁੱਲੀ ਕਵਿਤਾ ਦਾ ਅਰਥ ਦਸਦੇ ਹੋਏ ਪਰਿਭਾਸ਼ਾ ਦਿਉ ?

6. ਜੀਵਨੀ ਕੀ ਹੈ ਇਸਦੇ ਪ੍ਰਮੁਖ ਤੱਤਾ ਤੋ ਰੋਸ਼ਨੀ ਪਾਉ ?

7. ਗਜਲ ਦੀ ਬਣਤਰ ਉਦਾਹਰਣ ਦੇ ਕੇ ਵਿਚਾਰ ਕਰੋ ?

8. ਰੁਬਾਈ ਕੀ ਹੁੰਦੀ ਹੈ ? ਸਪਸ਼ਟ ਕਰੋ ?

**ਭਾਗ-ੲ**

**ਨੋਟ :** ਹੇਠ ਲਿਖੇ ਸੁਆਲਾ ਵਿੱਚੋਂ ਕੋਈ ਦੋ ਸੁਆਲ ਕਰੋ ਹਰ ਸੁਆਲ ਦਾ ਜੁਆਬ 500 ਸ਼ਬਦਾਂ ਵਿੱਚ ਲਿਖੋ। ਹਰੇਕ ਸੁਆਲ 20 ਅੰਕਾ ਦਾ ਹੈ।

9. ਕਿਸੇ ਇਕ ਕਵੀ ਦੇ ਜੀਵਨ, ਰਚਨਾ ਅਤੇ ਕਲਾ ਬਾਰੇ ਵਿਸਤਾਰ ਨਾਲ ਲਿਖੋ।

(ੳ) ਪ੍ਰੋ. ਪੂਰਨ ਸਿੰਘ

(ਅ) ਸ਼ਿਵ ਕੁਮਾਲ ਬਟਾਲਵੀ

10. ਆਧੁਨਿਕ ਪੰਜਾਬੀ ਸਾਹਿਤ ਵਿਚ ਗਲਪ (ਨਾਵਲ) ਦੇ ਇਤਿਹਾਸ ਬਾਰੇ ਵਿਚਾਰ ਕਰੋ ?

11. ਜੀਵਨੀ ਦੀ ਪਰਿਭਾਸ਼ਾ ਦਿੰਦੇ ਹੋਏ ਇਸਦੇ ਪ੍ਰਮੁੱਖ ਤੱਤਾ ਤੇ ਵਿਚਾਰ ਕਰੋ ?

12. (ੳ) ਖੁਲੀ ਕਵਿਤਾ ਦੀ ਪਰਿਭਾਸ਼ਾ ਦੇਂਦੇ ਹੋਏ ਇਸਦੇ ਲਛਣਾ ਤੇ ਵਿਚਾਰ ਕਰੋ।

(ਅ) ਸਫਰਨਾਮੇ ਦਾ ਪ੍ਰਕਿਰਤੀ ਤੇ ਵਿਚਾਰ ਕਰੋ। $20 \times 2 = 40$